Tel: 604.596.7733
www.surreyschools.ca

# ਵਿਦਿਆਰਥੀਆਂ ਦੀ ਸਿੱਖਣ ਵਿੱਚ ਮਦਦ ਕਰਨ ਲਈ ਡਿਜੀਟਲ ਵਸੀਲਿਆਂ ਦਾ ਖਜ਼ਾਨਾ ਸਿਰਫ ਇਕ ਕਲਿੱਕ ਦੀ ਦੂਰੀ ’ਤੇ ਹੈ!

(Online Research Resources)

ਲਾਗਇਨ ਕਰੋ https://www.surreyschools.ca/digitalresources

ਸਰੀ ਸਕੂਲ ਦੇ ਵਿਦਿਆਰਥੀਆਂ ਜਾਂ ਸਟਾਫ ਦੀ ਯੂਜ਼ਰ ਆਈ ਡੀ ਅਤੇ ਪਾਸਵਰਡ ਨਾਲ ਲਾਗਇਨ ਕਰੋ।
ਇਸ ਜਾਣਕਾਰੀ ਲਈ ਆਪਣੀ ਟੀਚਰ ਲਾਇਬ੍ਰੇਰੀਅਨ ਨਾਲ ਸੰਪਰਕ ਕਰੋ।

## ਤੁਹਾਡੀਆਂ ਉਂਗਲਾਂ ਦੇ ਪੋਟਿਆਂ ’ਤੇ ਸੁਰੱਖਿਅਤ ਭਰੋਸੇਯੋਗ ਜਾਣਕਾਰੀ

ਇੰਟਰਨੈੱਟ ਜਾਣਕਾਰੀ ਦਾ ਖਜ਼ਾਨਾ ਹੈ, ਪਰ ਇਸ ਤੋਂ ਮਿਲਦੀ ਹਰ ਜਾਣਕਾਰੀ ਭਰੋਸੇਯੋਗ ਜਾਂ ਸਹੀ ਨਹੀਂ ਹੈ। ਸਰੀ ਸਕੂਲ ਡਿਸਟ੍ਰਿਕਟ ਸਿੱਖਣ ਅਤੇ ਪੜ੍ਹਾਉਣ ਲਈ ਆਨਲਾਈਨ ਡਿਜੀਟਲ ਵਸੀਲਿਆਂ ਦਾ ਪੂਰਾ ਸਿਲਸਿਲਾ ਪ੍ਰਦਾਨ ਕਰਦਾ ਹੈ। ਐਜੂਕੇਸ਼ਨਲ ਰੀਸੋਰਸ ਐਕੂਈਸ਼ਨ ਕਨਸੋਰਸ਼ੀਅਮ (ਈ ਆਰ ਏ ਸੀ) ਤੋਂ ਲਾਇਸੰਸ ਸ਼ੁਦਾ ਸਮੱਗਰੀ ਸੁਰੱਖਿਅਤ, ਢੁਕਵੀਂ, ਭਰੋਸੇਯੋਗ, ਤਾਜ਼ੀ ਅਤੇ ਖੋਜੀ ਜਾ ਸਕਣ ਵਾਲੀ ਹੈ।

**ਫਾਰਮੈਟਾਂ ਵਿੱਚ ਸ਼ਾਮਲ ਹਨ:**

ਈਬੁੱਕਸ • ਮੈਗਜ਼ੀਨ • ਵੀਡੀਓ ਸਟਰੀਮਿੰਗ • ਤਸਵੀਰਾਂ • ਲੇਖ

**ਵਿਸ਼ੇਸ਼ਤਾਵਾਂ:**

ਬਹੁਤ ਸਾਰੇ ਵਸੀਲੇ ਕਈ ਬੋਲੀਆਂ ਅਤੇ ਸਿੱਖਣ ਦੇ ਵੱਖ ਵੱਖ ਪੱਧਰਾਂ ਅਨੁਸਾਰ ਹਨ ਅਤੇ ਕਈਆਂ ਨੂੰ ਸਿੱਖਣ ਵਾਲੇ ਨੂੰ ਉੱਚੀ ਅਵਾਜ਼ ਵਿੱਚ ਪੜ੍ਹ ਕੇ ਸੁਣਾਇਆ ਜਾ ਸਕਦਾ ਹੈ।

**ਹਰ ਸਿੱਖਿਆਰਥੀ ਲਈ ਵਸੀਲੇ।**

ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਲੋੜਾਂ ਵੱਖ ਵੱਖ ਹੁੰਦੀਆਂ ਹਨ। ਡਿਜੀਟਲ ਵਸੀਲੇ ਸਾਰੀਆਂ ਉਮਰਾਂ ਅਤੇ ਸਮਰਥਾਂਵਾਂ ਵਾਲੇ ਸਿੱਖਿਆਰੀਆਂ ਦੀ ਮਦਦ ਕਰਨ ਵਾਲੇ ਹਨ, ਅਤੇ ਬੀ ਸੀ ਦੇ ਸੁਧਾਰੇ ਹੋਏ ਪਾਠਕ੍ਰਮ ਦੇ ਅਨੁਸਾਰ ਹਨ।

**ਪਹੁੰਚ:**

ਇਹ ਡਿਜੀਟਲ ਵਸੀਲੇ ਵਿਦਿਆਰਥੀਆਂ, ਪਰਿਵਾਰਾਂ, ਟੀਚਰਾਂ ਅਤੇ ਡਿਸਟ੍ਰਿਕਟ ਦੇ ਹੋਰ ਸਟਾਫ ਨੂੰ ਕਿਸੇ ਵੀ ਥਾਂ ਅਤੇ ਕਿਸੇ ਵੀ ਜਗ੍ਹਾ ਮਿਲ ਸਕਦੇ ਹਨ।